Punjabi - Number 130c
Dangerous plant species series - October 2025

# ਜ਼ਹਿਰੀਲਾ ਹੇਮਲੌਕ (*ਕੋਨੀਅਮ ਮੈਕਿਊਲੇਟਮ*)

# Poison hemlock (*Conium maculatum*)

## ਜ਼ਹਿਰੀਲਾ ਹੇਮਲੌਕ (poison hemlock) ਕੀ ਹੈ?

ਹੇਮਲੌਕ ਪੌਦਾ, ਜਿਸਨੂੰ ਵਿਗਿਆਨਕ ਤੌਰ 'ਤੇ *ਕੋਨੀਅਮ ਮੈਕਿਊਲੇਟਮ* ਕਿਹਾ ਜਾਂਦਾ ਹੈ, ਐਪੀਏਸੀਆਏ (Apiaceae) ਪੌਦਾ ਪਰਿਵਾਰ ਵਿੱਚੋਂ ਇੱਕ ਜ਼ਹਿਰੀਲੀ ਜੜੀ ਬੂਟੀ ਹੈ। ਬੀਜਾਂ, ਜੜ੍ਹਾਂ, ਤਣਿਆਂ, ਪੱਤਿਆਂ ਅਤੇ ਫਲਾਂ ਸਮੇਤ, ਪੌਦੇ ਦੇ ਸਾਰੇ ਹਿੱਸੇ ਜ਼ਹਿਰੀਲੇ ਹੁੰਦੇ ਹਨ।

ਹੇਮਲੌਕ ਆਮ ਤੌਰ 'ਤੇ ਬਸੰਤ ਰੁੱਤ ਵਿੱਚ ਉੱਗਦਾ ਹੈ ਅਤੇ ਜੰਗਲੀ ਗਾਜਰ, ਜੰਗਲੀ ਪਾਰਸਨਿਪ ਜਾਂ ਜੰਗਲੀ ਪਾਰਸਲੇ ਵਰਗੇ ਪੌਦਿਆਂ ਵਰਗਾ ਦਿਖਾਈ ਦਿੰਦਾ ਹੈ। ਇਸ ਨਾਲ ਲੋਕ ਗਲਤੀ ਨਾਲ ਇਸਨੂੰ ਨਿਗਲ ਸਕਦੇ ਹਨ, ਜਿਸਦੇ ਘਾਤਕ ਨਤੀਜੇ ਵੀ ਹੋ ਸਕਦੇ ਹਨ। ਜਦੋਂ ਕਿ ਹੇਮਲੌਕ ਨਮੀ ਵਾਲੇ ਵਾਤਾਵਰਣਾਂ, ਜਿਵੇਂ ਕਿ ਗਿੱਲੀਆਂ ਜ਼ਮੀਨਾਂ ਅਤੇ ਨਦੀਆਂ ਦੇ ਕਿਨਾਰਿਆਂ ਨੂੰ ਪਸੰਦ ਕਰਦਾ ਹੈ, ਇਹ ਸੁੱਕੀਆਂ ਸਥਿਤੀਆਂ ਵਿੱਚ ਵੀ ਜਿਉਂਦਾ ਰਹਿ ਸਕਦਾ ਹੈ ਅਤੇ ਘਾਹ ਦੇ ਮੈਦਾਨਾਂ, ਖੇਤੀਬਾੜੀ ਵਾਲੀਆਂ ਜ਼ਮੀਨਾਂ ਅਤੇ ਪ੍ਰਬੰਧਿਤ ਜੰਗਲਾਂ ਨੂੰ ਬਰਦਾਸ਼ਤ ਕਰਦਾ ਹੈ।

## ਜ਼ਹਿਰੀਲਾ ਹੇਮਲੌਕ ਕਿਹੋ ਜਿਹਾ ਦਿਖਾਈ ਦਿੰਦਾ ਹੈ?

ਜ਼ਹਿਰੀਲੇ ਹੇਮਲੌਕ ਦੀ ਪਛਾਣ ਕਰਨਾ ਔਖਾ ਹੋ ਸਕਦਾ ਹੈ ਕਿਉਂਕਿ ਇਹ ਦੂਜੇ ਪੌਦਿਆਂ ਵਰਗਾ ਦਿੱਖਦਾ ਹੈ। ਪੌਦੇ ਦੇ ਸਮਤਲ, ਹਰੇ, ਖੋਖਲੇ ਤਣੇ ਹੁੰਦੇ ਹਨ ਜਿਨ੍ਹਾਂ 'ਤੇ ਲਾਲ ਜਾਂ ਜਾਮਨੀ ਧੱਬੇ ਹੋ ਸਕਦੇ ਹਨ। ਇਸ ਦੇ ਪੱਤੇ ਲੇਸਦਾਰ, ਵੰਡੇ ਹੋਏ ਅਤੇ ਤਿਕੋਣ ਆਕਾਰ ਦੇ ਹੁੰਦੇ ਹਨ। ਹੇਮਲੌਕ 2 ਤੋਂ 10 ਫੁੱਟ ਉੱਚਾ ਹੋ ਸਕਦਾ ਹੈ। ਇਸ ਵਿੱਚ ਛੋਟੇ ਚਿੱਟੇ ਫੁੱਲ ਹੁੰਦੇ ਹਨ ਜੋ ਢਿੱਲੇ ਗੁੱਛੇ ਬਣਾਉਂਦੇ ਹਨ, ਹਰੇਕ ਵਿੱਚ ਪੰਜ ਪੱਤੀਆਂ ਹੁੰਦੀਆਂ ਹਨ। ਇਹ ਫੁੱਲ ਜੂਨ ਅਤੇ ਜੁਲਾਈ ਵਿੱਚ ਖਿੜਦੇ ਹਨ ਅਤੇ ਬੀਜਾਂ ਵਾਲੇ ਹਰੇ, ਧਾਰੀਦਾਰ ਫਲਾਂ ਵਿੱਚ ਵਿਕਸਤ ਹੁੰਦੇ ਹਨ। ਜਦੋਂ ਕਿ ਇਹ ਜੰਗਲੀ ਗਾਜਰ, ਜੰਗਲੀ ਪਾਰਸਨਿਪ ਅਤੇ ਜੰਗਲੀ ਪਾਰਸਲੇ ਵਰਗੀਆਂ ਹੋਰ ਸਮਾਨ ਪ੍ਰਜਾਤੀਆਂ ਨਾਲ ਮਿਲਦਾ-ਜੁਲਦਾ ਹੈ, ਜ਼ਹਿਰੀਲਾ ਹੇਮਲੌਕ ਸਮਤਲ, ਹਰਾ ਅਤੇ ਲੰਬਾ ਹੁੰਦਾ ਹੈ।



ਜ਼ਹਿਰੀਲੇ ਹੇਮਲੌਕ ਦੀ ਪਛਾਣ ਕਰਨ ਵਿੱਚ ਮਦਦ ਲਈ ਵਧੇਰੇ ਜਾਣਕਾਰੀ ਅਤੇ ਤਸਵੀਰਾਂ ਵਾਸਤੇ, https://kingcounty.gov/en/dept/dnrp/nature-recreation/environment-ecology-conservation/noxious-weeds/identification-control/poison-hemlock ਵੇਖੋ।

## ਜ਼ਹਿਰੀਲਾ ਹੇਮਲੌਕ ਕਿੰਨਾ ਨੁਕਸਾਨਦੇਹ ਹੈ?

ਜ਼ਹਿਰੀਲੇ ਹੇਮਲੌਕ ਵਿੱਚ ਹਾਨੀਕਾਰਕ ਐਲਕਾਲੋਇਡ ਹੁੰਦੇ ਹਨ ਜੋ ਜ਼ਹਿਰੀਲੇ ਹੁੰਦੇ ਹਨ ਅਤੇ ਥੋੜ੍ਹੀ ਜਿਹੀ ਮਾਤਰਾ (ਇੱਕ ਗ੍ਰਾਮ ਦੇ ਦਸਵੇਂ ਹਿੱਸੇ ਤੋਂ ਘੱਟ, ਜੋ ਕਿ ਹੇਮਲੌਕ ਦੇ ਲਗਭਗ ਛੇ ਤੋਂ ਅੱਠ ਪੱਤੇ ਹੁੰਦੇ ਹਨ), ਵੀ ਬਾਲਗਾਂ ਲਈ ਘਾਤਕ ਹੋ ਸਕਦੀ ਹੈ। ਪੂਰਾ ਪੌਦਾ ਜ਼ਹਿਰੀਲਾ ਹੁੰਦਾ ਹੈ, ਪਰ ਬੀਜਾਂ ਵਿੱਚ ਇਨ੍ਹਾਂ ਹਾਨੀਕਾਰਕ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਗਲਤੀ ਨਾਲ ਇਸ ਪੌਦੇ ਨੂੰ ਖਾਣ ਨਾਲ ਕੇਂਦਰੀ ਨਸ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ, ਜਿਸ ਕਰਕੇ ਸਾਹ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ, ਮਾਸਪੇਸ਼ੀਆਂ ਖਰਾਬ ਹੋ ਸਕਦੀਆਂ ਹਨ, ਗੁਰਦੇ ਫੇਲ੍ਹ ਹੋ ਸਕਦੇ ਹਨ ਅਤੇ ਮੌਤ ਵੀ ਹੋ ਸਕਦੀ ਹੈ। ਇਹ ਖਾਣ 'ਤੇ ਜ਼ਹਿਰੀਲਾ ਹੁੰਦਾ ਹੈ ਪਰ ਆਮ ਤੌਰ 'ਤੇ ਚਮੜੀ ਦੇ ਸੰਪਰਕ ਵਿੱਚ ਆਉਣ 'ਤੇ ਨੁਕਸਾਨ ਨਹੀਂ ਪਹੁੰਚਾਉਂਦਾ। ਪਰੰਤੂ, ਜ਼ਹਿਰੀਲੇ ਹੇਮਲੌਕ ਨੂੰ ਅਜੇ ਵੀ ਸਾਵਧਾਨੀ ਨਾਲ ਹੈਂਡਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਸੰਵੇਦਨਸ਼ੀਲ ਚਮੜੀ ਵਾਲੇ ਵਿਅਕਤੀਆਂ ਵਿੱਚ ਜਲਣ ਪੈਦਾ ਕਰ ਸਕਦਾ ਹੈ।

## ਜ਼ਹਿਰੀਲੇ ਹੇਮਲੌਕ ਦੇ ਸੰਪਰਕ ਵਿੱਚ ਆਉਣ ਦੇ ਲੱਛਣ ਕੀ ਹਨ?

ਜ਼ਹਿਰੀਲੇ ਹੇਮਲੌਕ ਦੇ ਜ਼ਹਿਰ ਦੇ ਅਸਰ ਦੇ ਲੱਛਣ ਗ੍ਰਹਿਣ ਤੋਂ ਬਾਅਦ ਜਲਦੀ ਦਿਖਾਈ ਦੇ ਸਕਦੇ ਹਨ, ਗ੍ਰਹਿਣ ਕੀਤੀ ਗਈ ਮਾਤਰਾ ਦੇ ਅਧਾਰ 'ਤੇ 30 ਮਿੰਟਾਂ ਤੋਂ 3 ਘੰਟਿਆਂ ਤੱਕ। ਮਹੱਤਵਪੂਰਨ ਲੱਛਣਾਂ ਵਿੱਚ ਅਸਥਿਰਤਾ ਅਤੇ ਕਮਜ਼ੋਰੀ, ਅਸਧਾਰਨ ਪਸੀਨਾ ਆਉਣਾ, ਉਲਟੀਆਂ ਆਉਣਾ, ਲਾਰ ਆਉਣਾ, ਉਲਝਣ, ਮਾਸਪੇਸ਼ੀਆਂ ਵਿੱਚ ਮਰੋੜ ਜਾਂ ਕੰਬਣੀ, ਅਤੇ ਦੌਰੇ ਸ਼ਾਮਲ ਹਨ।

## ਜੇਕਰ ਸੰਪਰਕ ਹੋ ਜਾਵੇ ਤਾਂ ਕਿਹੜੇ ਇਲਾਜ ਦੀ ਲੋੜ ਹੁੰਦੀ ਹੈ?

ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੇ ਗਲਤੀ ਨਾਲ ਜ਼ਹਿਰੀਲਾ ਹੇਮਲੌਕ ਖਾ ਲਿਆ ਹੈ, ਤਾਂ ਪੌਇਜ਼ਨ ਕੰਟਰੋਲ ਕੇਂਦਰ ਨੂੰ 604-682-5050 ਜਾਂ

1-800-567-8911 'ਤੇ ਕਾਲ ਕਰੋ, ਜਾਂ ਤੁਰੰਤ ਨਜ਼ਦੀਕੀ ਐਮਰਜੈਂਸੀ ਰੂਮ ਵਿੱਚ ਜਾਓ। ਹੇਮਲੌਕ ਜ਼ਹਿਰ ਲਈ ਕੋਈ ਖਾਸ ਐਂਟੀਡੋਟ ਨਹੀਂ ਹੈ, ਪਰ ਲੱਛਣਾਂ ਨੂੰ ਘਟਾਉਣ ਅਤੇ ਗੰਭੀਰ ਨੁਕਸਾਨ ਨੂੰ ਰੋਕਣ ਲਈ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ। ਇਲਾਜ, ਕਿੰਨੀ ਮਾਤਰਾ ਵਿੱਚ ਹੇਮਲੌਕ ਖਾਧਾ ਗਿਆ ਹੈ, ਪੌਦਾ ਕਿੰਨਾ ਜ਼ਹਿਰੀਲਾ ਹੈ ਅਤੇ ਵਿਅਕਤੀ ਦੀ ਸਮੁੱਚੀ ਸਿਹਤ 'ਤੇ ਨਿਰਭਰ ਕਰੇਗਾ।

ਸੰਭਾਵੀ ਇਲਾਜਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਸਾਹ ਲੈਣ ਵਿੱਚ ਮੁਸ਼ਕਲਾਂ ਲਈ ਮਕੈਨੀਕਲ ਹਵਾਦਾਰੀ (ventilation)
- ਦੌਰੇ ਰੋਕਣ ਵਾਲੀ ਦਵਾਈ
- ਗੁਰਦੇ ਫੇਲ੍ਹ ਹੋਣ ਲਈ ਹੀਮੋਡਾਇਐਲੇਸਿਸ
- ਪਾਣੀ ਦੀ ਕਮੀ (ਡੀਹਾਈਡਰੇਸ਼ਨ) ਨੂੰ ਰੋਕਣ ਅਤੇ ਪੋਸ਼ਣ ਪ੍ਰਦਾਨ ਕਰਨ ਲਈ ਇੰਟਰਵੀਨਸ (IV) ਤਰਲ ਪਦਾਰਥ

## ਕੀ ਜ਼ਹਿਰੀਲਾ ਹੇਮਲੌਕ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਨੂੰ ਪ੍ਰਭਾਵਿਤ ਕਰਦਾ ਹੈ?

ਜ਼ਹਿਰੀਲਾ ਹੇਮਲੌਕ ਖਾਣ ਨਾਲ ਗਾਵਾਂ, ਸੂਰਾਂ, ਭੇਡਾਂ, ਬੱਕਰੀਆਂ, ਗਧਿਆਂ, ਖਰਗੋਸ਼ਾਂ ਅਤੇ ਘੋੜਿਆਂ ਸਮੇਤ ਬਹੁਤ ਸਾਰੇ ਜਾਨਵਰ ਬਿਮਾਰ ਹੋ ਸਕਦੇ ਹਨ। ਕਿਸਾਨਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਸ਼ੂਆਂ ਦੀ ਖੁਰਾਕ ਵਿੱਚ ਕੋਈ ਜ਼ਹਿਰੀਲਾ ਹੇਮਲੌਕ ਨਾ ਹੋਵੇ। ਜੇਕਰ ਜਾਨਵਰ ਇਸ ਪੌਦੇ ਨੂੰ ਖਾਂਦੇ ਹਨ, ਤਾਂ ਉਨ੍ਹਾਂ ਵਿੱਚ ਕੰਬਣੀ, ਸੰਤੁਲਨ ਗੁਆਉਣ ਅਤੇ ਬਹੁਤ ਜ਼ਿਆਦਾ ਲਾਰ ਆਉਣ ਵਰਗੇ ਲੱਛਣ ਦਿਖਾਈ ਦੇ ਸਕਦੇ ਹਨ। ਪੌਦੇ ਦੇ ਜ਼ਹਿਰੀਲੇ ਪਦਾਰਥ, ਸਾਰੀਆਂ ਮਾਸਪੇਸ਼ੀਆ, ਜਿਨ੍ਹਾਂ ਵਿੱਚ ਸਾਹ ਲੈਣ ਲਈ ਵਰਤੀਆਂ ਜਾਂਦੀਆਂ ਮਾਸਪੇਸ਼ੀਆਂ ਵੀ ਸ਼ਾਮਲ ਹਨ, ਨੂੰ ਪ੍ਰਭਾਵਿਤ ਕਰਦੇ ਹੋਏ ਨਸਾਂ ਦੇ ਕੰਮ ਨੂੰ ਹੌਲੀ ਕਰ ਸਕਦੇ ਹਨ। ਇਸ ਨਾਲ ਸਾਹ ਲੈਣ ਵਿੱਚ ਸਮੱਸਿਆਵਾਂ ਹੋ ਸਕਦੀਆਂ ਹਨ ਜਾਂ ਦਮ ਘੁੱਟਣ ਦਾ ਖ਼ਤਰਾ ਵੀ ਹੋ ਸਕਦਾ ਹੈ। ਜ਼ਹਿਰੀਲੇ ਹੇਮਲੌਕ ਦੇ ਸੰਪਰਕ ਵਿੱਚ ਆ ਗਏ ਹੋ ਸਕਣ ਵਾਲੇ ਜਾਨਵਰਾਂ ਲਈ ਤੁਰੰਤ ਵੈਟਰਨਰੀ ਦੇਖਭਾਲ ਲਓ।

## ਮੈਂ ਜ਼ਹਿਰੀਲੇ ਹੇਮਲੌਕ ਤੋਂ ਕਿਵੇਂ ਛੁਟਕਾਰਾ ਪਾਵਾਂ?

ਜ਼ਹਿਰੀਲੇ ਹੇਮਲੌਕ ਦੇ ਹਮਲੇ ਦਾ ਪ੍ਰਬੰਧਨ ਕਰਨ ਲਈ ਕਿਸੇ ਪੇਸ਼ੇਵਰ ਨੂੰ ਨਿਯੁਕਤ ਕਰਨਾ ਸਭ ਤੋਂ ਵਧੀਆ ਹੈ। ਜੇਕਰ ਤੁਸੀਂ ਇਸਨੂੰ ਖੁਦ ਹਟਾ ਰਹੇ ਹੋ ਤਾਂ:

- ਪੌਦੇ ਨੂੰ ਨੰਗੀ ਚਮੜੀ ਨਾਲ ਨਾ ਛੂਹੋ। ਰਬੜ ਦੇ ਦਸਤਾਨਿਆਂ, ਐਨਕਾਂ ਜਾਂ ਫੇਸ ਸ਼ੀਲਡ, ਸੁਰੱਖਿਆ ਸੂਟ, ਬੂਟਾਂ ਅਤੇ ਰੈਸਪੀਰੇਟਰ (ਜਿਵੇਂ ਕਿ N95 ਜਾਂ KN95) ਵਰਗੇ ਸੁਰੱਖਿਆਤਮਕ ਗੀਅਰ ਪਹਿਨੋ।
- ਪੌਦੇ ਨੂੰ, ਉਸਦੀਆਂ ਜੜ੍ਹਾਂ ਸਮੇਤ, ਹਟਾਉਣ ਲਈ ਧਿਆਨ ਨਾਲ ਖੁਦਾਈ ਕਰੋ। ਬੀਜ ਫੈਲਾਉਣ ਜਾਂ ਜ਼ਹਿਰੀਲੇ ਧੂੰਏਂ ਨੂੰ ਛੱਡਣ ਤੋਂ ਬਚਣ ਲਈ ਪੌਦੇ ਨੂੰ ਨਾ ਕੱਟੋ, ਮਸ਼ੀਨ ਨਾਲ ਨਾ ਕੱਟੋ ਅਤੇ ਨਾ ਹੀ ਜਲਾਓ
- ਜ਼ਹਿਰੀਲੇ ਹੇਮਲੌਕ ਨੂੰ ਆਪਣੇ ਬੈਕਯਾਰਡ ਕੰਪੋਸਟਰ ਵਿੱਚ ਨਾ ਪਾਓ। ਪੌਦਿਆਂ ਨੂੰ ਧਿਆਨ ਨਾਲ ਬੈਗ ਵਿੱਚ ਪਾਓ ਅਤੇ ਉਨ੍ਹਾਂ ਨੂੰ ਨਿਯਮਤ ਕੂੜੇਦਾਨ ਵਿੱਚ ਪਾਓ

## ਜ਼ਹਿਰੀਲੇ ਹੇਮਲੌਕ ਦੀ ਰਿਪੋਰਟ ਕਰਨ ਲਈ ਮੈਨੂੰ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ?

ਕਿਉਂਕਿ ਜ਼ਹਿਰੀਲਾ ਹੇਮਲੌਕ ਅਣਚਾਹੇ ਜਾਂ ਨੁਕਸਾਨਦੇਹ ਤਰੀਕੇ ਨਾਲ ਫੈਲਣ ਵਾਲੀ ਪ੍ਰਜਾਤੀ ਹੈ, ਤੁਸੀਂ ਰਿਪੋਰਟ ਇਨਵੇਸਿਵਜ਼ ਮੋਬਾਈਲ ਐਪ ਦੀ ਵਰਤੋਂ ਕਰਕੇ ਜੰਗਲਾਤ ਮੰਤਰਾਲੇ ਨੂੰ ਰਿਪੋਰਟ ਜਮ੍ਹਾਂ ਕਰ ਸਕਦੇ ਹੋ। ਹੋਰ ਜਾਣਕਾਰੀ ਲਈ,

www2.gov.bc.ca/gov/content/environment/plants-animals-ecosystems/invasive-species/reporting-invasive-species 'ਤੇ ਜਾਓ।

## ਹੋਰ ਜਾਣਕਾਰੀ ਲਈ

- ਵਾਸ਼ਿੰਗਟਨ ਸਟੇਟ ਨੋਕਸ਼ੀਅਸ ਵੀਡ ਕੰਟਰੋਲ ਬੋਰਡ: ਜ਼ਹਿਰੀਲਾ ਹੇਮਲੌਕ: ਕੰਟਰੋਲ ਲਈ ਵਿਕਲਪ
  www.nwcb.wa.gov/images/weeds/poisonhemlock_Lincoln.pdf (PDF, 727 KB)
- ਕੋਲੋਰਾਡੋ ਖੇਤੀਬਾੜੀ ਵਿਭਾਗ: ਜ਼ਹਿਰੀਲਾ ਹੇਮਲੌਕ
  https://ag.colorado.gov/conservation/noxious-weeds/noxious-weed-species-id/poison-hemlock
- ਮੈਟਰੋ ਵੈਨਕੂਵਰ: ਜ਼ਹਿਰੀਲਾ ਹੇਮਲੌਕ (*ਕੋਨੀਅਮ ਮੈਕਿਊਲੇਟਮ*) ਨਾਲ ਨਜਿੱਠਣਾ
  https://metrovancouver.org/services/regional-planning/Documents/poison-hemlock-fact-sheet.pdf (PDF, 2.7 MB)
- ਬ੍ਰਿਟਿਸ਼ ਕੋਲੰਬੀਆ ਸਰਕਾਰ: ਜ਼ਹਿਰੀਲਾ ਹੇਮਲੌਕ ਚੇਤਾਵਨੀ
  www2.gov.bc.ca/assets/gov/environment/plants-animals-and-ecosystems/invasive-species/alerts/poison_hemlock_alert.pdf (PDF, 538 KB)
- ਹੈਲਥ ਕੈਨੇਡਾ: ਵੀਡ ਸੀਡ: *ਕੋਨੀਅਮ ਮੈਕਿਊਲੇਟਮ* (ਜ਼ਹਿਰੀਲਾ ਹੇਮਲੌਕ)
  https://inspection.canada.ca/en/plant-health/seeds/seed-testing-and-grading/seeds-identification/conium-maculatum

BC Centre for Disease Control
Provincial Health Services Authority